

# ਮੈਡੀਕੇਅਰ ਬਚਤ ਪ੍ਰੋਗਰਾਮ (Medicare Savings Programs) ਮੈਡੀਕੇਅਰ 'ਤੇ ਧਨ ਬਚਾਓ

## ਪ੍ਰਤੀ ਸਾਲ $2,100 ਤੋਂ ਵੱਧ

### *ਆਪਣੇ ਸੋਸ਼ਲ ਸਿਕਿਉਰਿਟੀ ਚੈੱਕ ਵਿੱਚ ਧਨ ਵਾਪਸ ਪਾਓ!*

### ਮੈਡੀਕੇਅਰ ਬਚਤ ਪ੍ਰੋਗਰਾਮ ਦੇ ਬਾਰੇ

ਵਾਸ਼ਿੰਗਟਨ ਸਟੇਟ ਵਿੱਚ ਚਾਰ ਪ੍ਰੋਗਰਾਮ ਹਨ:

**ਪ੍ਰੋਗਰਾਮ 1**

**ਯੋਗਤਾਪ੍ਰਾਪਤ ਮੈਡੀਕੇਅਰ ਲਾਭਪਾਤਰੀ (QMB) ਪ੍ਰੋਗਰਾਮ**

- ਭਾਗ A ਅਤੇ ਭਾਗ B ਦੇ ਪ੍ਰੀਮੀਅਮਾਂ ਦਾ ਭੁਗਤਾਨ ਕਰਦਾ ਹੈ
- ਕਟੌਤੀਆਂ ਦਾ ਭੁਗਤਾਨ ਕਰਦਾ ਹੈ
- ਨੁਸਖ਼ਿਆਂ ਨੂੰ ਛੱਡ ਕੇ ਸਹਿ-ਭੁਗਤਾਨਾਂ ਦਾ ਭੁਗਤਾਨ ਕਰਦਾ ਹੈ

**ਪ੍ਰੋਗਰਾਮ 2**

**ਵਿਸ਼ੇਸ਼ ਘੱਟ-ਆਮਦਨ ਵਾਲੇ ਮੈਡੀਕੇਅਰ ਲਾਭਪਾਤਰੀ (SLMB)**

- ਭਾਗ B ਦੇ ਪ੍ਰੀਮੀਅਮ ਦਾ ਭੁਗਤਾਨ ਕਰਦਾ ਹੈ

**ਪ੍ਰੋਗਰਾਮ 3**

**ਯੋਗਤਾਪ੍ਰਾਪਤ ਵਿਅਕਤੀਗਤ ਪ੍ਰੋਗਰਾਮ (QI-1)**

- ਭਾਗ B ਦੇ ਪ੍ਰੀਮੀਅਮ ਦਾ ਭੁਗਤਾਨ ਕਰਦਾ ਹੈ

**ਪ੍ਰੋਗਰਾਮ 4**

**ਯੋਗਤਾਪ੍ਰਾਪਤ ਅਪਾਹਜ ਕੰਮਕਾਰੀ ਵਿਅਕਤੀ (QDWI)**

- ਭਾਗ A ਦੇ ਪ੍ਰੀਮੀਅਮ ਦਾ ਭੁਗਤਾਨ ਕਰਦਾ ਹੈ

### ਪਤਾ ਕਰੋ ਕਿ ਕੀ ਤੁਸੀਂ ਯੋਗ ਹੋ

ਇਸ ਨਿੱਜੀ ਵਰਕਸ਼ੀਟ ਦੀ ਵਰਤੋਂ ਕਰੋ

ਇਹ ਪਤਾ ਕਰਨ ਲਈ ਕਿ ਕੀ ਤੁਸੀਂ ਮੈਡੀਕੇਅਰ ਬਚਤ ਪ੍ਰੋਗਰਾਮ ਵਾਸਤੇ ਯੋਗ ਹੋ ਸਕਦੇ ਹੋ, ਹੇਠਾਂ ਦਿੱਤੇ ਸੌਖੇ ਕਦਮਾਂ ਦੀ ਪਾਲਣਾ ਕਰੋ ਅਤੇ ਹੇਠਾਂ ਦਿੱਤੇ ਚਾਰਟ ਨਾਲ ਕੁੱਲਾਂ ਦੀ ਤੁਲਨਾ ਕਰੋ।

1. ਆਪਣੀ ਕੁੱਲ ਮਹੀਨੇਵਾਰ ਪਰਿਵਾਰਕ ਆਮਦਨ ਲਿਖੋ $________
2. ਕਟੌਤੀ $20 ((ਪ੍ਰਤੀ ਪਰਿਵਾਰ ਇੱਕ ਕਟੌਤੀ) $________
3. **ਕੁੱਲ ਜੋੜ ਆਮਦਨ** $________
4. ਜੇਕਰ ਤੁਹਾਡੀ ਮਾਸਿਕ ਆਮਦਨ ਉੱਪਰ ਦਿੱਤੇ ਚਾਰਟ ਦੇ ਕਿਸੇ ਵੀ ਪੱਧਰ 'ਤੇ ਜਾਂ ਇਸ ਤੋਂ ਹੇਠਾਂ ਹੈ, ਤਾਂ ਤੁਸੀਂ ਮੈਡੀਕੇਅਰ ਬਚਤ ਪ੍ਰੋਗਰਾਮਾਂ ਵਿੱਚੋਂ ਕਿਸੇ ਇੱਕ ਲਈ ਵੀ ਯੋਗ ਹੋ ਸਕਦੇ ਹੋ।

### ਮੈਡੀਕੇਅਰ ਬਚਤ ਪ੍ਰੋਗਰਾਮ ਆਮਦਨ ਮਿਆਰ

| ਮੈਡੀਕੇਅਰ ਪ੍ਰੋਗਰਾਮ ਦੀ ਕਿਸਮ | ਮਹੀਨੇਵਾਰ ਆਮਦਨ (ਵਿਅਕਤੀਗਤ) | ਮਹੀਨੇਵਾਰ ਆਮਦਨ (ਜੋੜਾ) |
|---|---|---|
| ਪ੍ਰੋਗਰਾਮ 1 QMB | $1,381 ਤੱਕ | $1,874 ਤੱਕ |
| ਪ੍ਰੋਗਰਾਮ 2 SLMB | $1,506 ਤੱਕ | $2,044 ਤੱਕ |
| ਪ੍ਰੋਗਰਾਮ 3 QI-1 | $1,732 ਤੱਕ | $2,351 ਤੱਕ |
| ਪ੍ਰੋਗਰਾਮ 4 QDWI | $2,510 ਤੱਕ | $3,407 ਤੱਕ |

4/1/2024 ਤੋਂ ਪ੍ਰਭਾਵੀ

* ਕੰਮਕਾਰੀ ਅਪਾਹਜਾਂ ਲਈ QDWI ਪ੍ਰੋਗਰਾਮ ਵਿੱਚ, ਵਿਸ਼ੇਸ਼ ਰੂਪ ਤੋਂ ਕਮਾਈ ਕੀਤੀ ਆਮਦਨ ਵਿੱਚ ਕਟੌਤੀਆਂ ਹਨ, ਇਸਲਈ ਤੁਹਾਨੂੰ ਇਸ ਪ੍ਰੋਗਰਾਮ ਲਈ ਯੋਗਤਾ ਨਿਰਧਾਰਤ ਕਰਨ ਵਿੱਚ ਸਹਾਇਤਾ ਵਾਸਤੇ ਕਾੱਲ ਕਰਨੀ ਪਵੇਗੀ।

Washington State Health Care Authority

## ਮੈਂ ਕਿਵੇਂ ਅਪਲਾਈ ਕਰਾਂ?

ਇਹ ਸੌਖਾ ਹੈ! ਆਪਣੇ ਸਥਾਨਕ ਕਮਯੂਨਿਟੀ ਸੇਵਾ ਦਫ਼ਤਰ (CSO) ਨਾਲ ਸੰਪਰਕ ਕਰੋ।

- ਆਪਣੇ ਨੇੜੇ ਦੇ CSO ਨੂੰ ਲੱਭੋ: **dshs.wa.gov/office-locations**
  ਜਾਂ
- ਇੰਟਰਨੈੱਟ 'ਤੇ, ਇਸ ਵੈੱਬਸਾਈਟ 'ਤੇ ਜਾਓ: **washingtonconnection.org/home/**
  ਜਾਂ
- ਤੁਸੀਂ ਹੈਲਥ ਕੇਅਰ ਅਥਾਰਟੀ ਨੂੰ 1-800-562-3022, ਐਕਸਟੈਂਸ਼ਨ 16129 'ਤੇ ਕਾੱਲ ਕਰ ਸਕਦੇ ਹੋ ਤਾਂ ਜੋ ਤੁਹਾਨੂੰ ਇੱਕ ਐਪਲੀਕੇਸ਼ਨ ਡਾਕ ਰਾਹੀਂ ਭੇਜੀ ਜਾ ਸਕੇ।

## ਜੇਕਰ ਤੁਸੀਂ ਕੋਈ ਮੈਡੀਕੇਅਰ ਲਾਭਪਾਤਰੀ ਹੋ

ਤੁਸੀਂ ਇੱਕ ਅਜਿਹੇ ਪ੍ਰੋਗਰਾਮ ਲਈ ਯੋਗ ਹੋ ਸਕਦੇ ਹੋ ਜੋ ਤੁਹਾਡੀ ਇੱਕ ਸਾਲ ਵਿੱਚ $2,100 ਤੋਂ ਵੱਧ ਦੀ ਬਚਤ ਕਰ ਸਕਦਾ ਹੈ। ਮੈਡੀਕੇਅਰ ਬਚਤ ਪ੍ਰੋਗਰਾਮ ਯੋਗ ਲੋਕਾਂ ਦੇ ਮੈਡੀਕੇਅਰ ਪ੍ਰੀਮੀਅਮ, ਕਟੌਤੀਆਂ ਅਤੇ ਹੋਰ ਮੈਡੀਕੇਅਰ-ਸਬੰਧਤ ਖ਼ਰਚਿਆਂ ਦਾ ਭੁਗਤਾਨ ਕਰਕੇ ਉਹਨਾਂ ਦੀ ਮਦਦ ਕਰਦੇ ਹਨ। ਤੁਹਾਡੇ ਕੋਲ ਜਾਂ ਤੇ ਮਿਆਰੀ ਮੈਡੀਕੇਅਰ (standard Medicare) ਜਾਂ ਮੈਡੀਕੇਅਰ ਪ੍ਰਬੰਧਿਤ ਦੇਖਭਾਲ ਯੋਜਨਾ(Medicare managed care plan) ਹੋ ਸਕਦੀ ਹੈ। ਅਪਲਾਈ ਕਰਨਾ ਸੌਖਾ ਹੈ।

ਜਾਣਕਾਰੀ ਅਤੇ ਸਹਾਇਤਾ ਲਈ ਅੱਜ ਹੀ ਕਾੱਲ ਕਰੋ — ਤੁਸੀਂ ਆਪਣੀ ਜੇਬ ਵਿੱਚ ਧਨ ਵਾਪਸ ਪ੍ਰਾਪਤ ਕਰ ਸਕਦੇ ਹੋ!

## ਕਿਸ ਕਿਸਮ ਦੇ ਖ਼ਰਚੇ ਕਵਰ ਕੀਤੇ ਜਾਂਦੇ ਹਨ?

ਮੈਡੀਕੇਅਰ ਬਚਤ ਪ੍ਰੋਗਰਾਮ ਹੇਠਾਂ ਨੂੰ ਕਵਰ ਕਰ ਸਕਦੇ ਹਨ:

- ਭਾਗ A ਦੇ ਪ੍ਰੀਮੀਅਮ
- ਭਾਗ B ਦੇ ਪ੍ਰੀਮੀਅਮ
- ਮੈਡੀਕੇਅਰ ਸਹਿ-ਬੀਮਾ
- ਮੈਡੀਕੇਅਰ ਕਟੌਤੀਆਂ

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਂ ਯੋਗ ਹਾਂ?

ਵਾੱਸ਼ਿੰਗਟਨ ਸਟੇਟ ਵਿੱਚ ਹਜ਼ਾਰਾਂ ਲੋਕੀ ਮੈਡੀਕੇਅਰ ਬਚਤ ਪ੍ਰੋਗਰਾਮ ਵਾਸਤੇ ਯੋਗਤਾ ਪ੍ਰਾਪਤ ਕਰਦੇ ਹਨ। ਇਹ ਪਤਾ ਲਗਾਉਣ ਲਈ ਕਿ ਕੀ ਤੁਸੀਂ ਯੋਗ ਹੋ ਸਕਦੇ ਹੋ, ਇਸ ਫਲਾਇਰ ਦੇ ਆਮਦਨ ਚਾਰਟ ਨੂੰ ਦੇਖੋ। ਜੇਕਰ ਤੁਹਾਡੀ ਮਾਸਿਕ ਆਮਦਨ ਉੱਪਰ ਦਿੱਤੇ ਚਾਰਟ ਦੇ ਕਿਸੇ ਵੀ ਪੱਧਰ 'ਤੇ ਜਾਂ ਇਸ ਤੋਂ ਹੇਠਾਂ ਹੈ, ਤਾਂ ਤੁਸੀਂ ਮੈਡੀਕੇਅਰ ਬਚਤ ਪ੍ਰੋਗਰਾਮਾਂ ਵਿੱਚੋਂ ਕਿਸੇ ਇੱਕ ਲਈ ਵੀ ਯੋਗ ਹੋ ਸਕਦੇ ਹੋ।

## ਕੀ ਇਹ ਲਾਭ ਮੇਰੀ ਸੰਪਤੀ ਨੂੰ ਪ੍ਰਭਾਵਿਤ ਕਰਨਗੇ?

ਨਹੀਂ, ਮੈਡੀਕੇਅਰ ਬਚਤ ਪ੍ਰੋਗਰਾਮਾਂ ਲਈ ਕੋਈ ਸੰਪਤੀ ਦੀ ਰਿਕਵਰੀ ਨਹੀਂ ਹੈ।

